# मेला लग्गा वैष्णों दे द्वारे

ਮੇਲਾ ਲੱਗਾ ਵੈਸ਼ਣੋਂ ਦੇ ਦਵਾਰੇ

ਮਈਆ / ਅੰਬੇ ਰਾਣੀ, ਖੈਰਾਂ ਵੰਡੇ, ਸਭ ਦੇ ਭਰੇ ਭੰਡਾਰੇ ॥
ਮੇਲਾ, ਮੇਲਾ, ਮੇਲਾ, ਲੱਗਾ, ਵੈਸ਼ਣੋਂ ਦੇ ਦਵਾਰੇ ॥

ਚਾਰੇ ਪਾਸੇ, ਖੁਸ਼ੀਆਂ ਵਾਲੀ, "ਹੁੰਦੀ ਏ ਬਰਸਾਤ" ।
ਸੱਜ ਧੱਜ ਕੇ, ਭਗਤ ਨੇ ਆਏ, "ਏਹਨਾਂ ਦੀ ਕਿਆ ਬਾਤ" ॥
ਨੱਚਣ, ਗਾਵਣ, ਮੌਜ਼ ਮਨਾਵਣ, ਵਿੱਚ ਖੁਸ਼ੀ ਦੇ ਸਾਰੇ ॥,
ਮੇਲਾ, ਮੇਲਾ, ਮੇਲਾ, ਲੱਗਾ, ਵੈਸ਼ਣੋਂ ਦੇ ਦਵਾਰੇ.......

ਢੋਲਕ ਛੈਣੇ, ਚਿਮਟਾ ਟੱਲੀਆਂ, "ਟੱਲ ਕਈ ਖ਼ੜਕਾਉਂਦੇ" ।
ਮਾਂ ਦੇ ਨਾਮ ਦੇ, ਬੋਲ ਜੈਕਾਰੇ, "ਜਾਵਣ ਸੁੱਖਣਾ ਲਾਹੁੰਦੇ" ॥
ਮਾਂ ਦੇ ਨਾਮ ਦੀ, ਹਾਜ਼ਰੀ ਭਰਦੇ, ਬੈਠ ਕੇ ਆਣ ਦਵਾਰੇ ॥,
ਮੇਲਾ, ਮੇਲਾ, ਮੇਲਾ, ਲੱਗਾ, ਵੈਸ਼ਣੋਂ ਦੇ ਦਵਾਰੇ.......

ਰਾਜੂ ਵੀ, ਹਰਿ ਪੁਰੀਆ ਚੋਲਾ, "ਚੁੰਨੀ ਲੈ ਕੇ ਆਵੇ" ।
ਮਾਂ ਨੇ ਕਿਰਪਾ, ਕੀਤੀ ਤਾਹੀਓਂ, "ਮਾਂ ਦਾ ਸ਼ੁੱਕਰ ਮਨਾਵੇ" ॥
ਦੇ ਕੇ ਦਰਸ਼ਨ, ਲਖਵਿੰਦਰ ਨੂੰ, ਭਵ ਸਾਗਰ ਤੋਂ ਤਾਰੇ ॥,
ਮੇਲਾ, ਮੇਲਾ, ਮੇਲਾ, ਲੱਗਾ, ਵੈਸ਼ਣੋਂ ਦੇ ਦਵਾਰੇ.......

ਜੋਤ ਜਗਾ ਕੇ, ਸ਼ੀਸ਼ ਨਿਵਾ ਕੇ, "ਮਾਂ ਨੂੰ ਜੇਹੜੇ ਮਨਾਉਂਦੇ" ।
ਅੰਬੇ ਨਾਮ ਦੇ, ਰੰਗ ਵਿੱਚ ਰੰਗ ਕੇ, "ਜੀਵਨ ਸਫ਼ਲ ਬਣਾਉਂਦੇ" ॥
ਬਾਂਹ ਓਹਨਾਂ ਦੀ, ਫੜ੍ਹ ਕੇ ਮਈਆ, ਆਪੇ ਪਾਰ ਉਤਾਰੇ ॥,
ਮੇਲਾ, ਮੇਲਾ, ਮੇਲਾ, ਲੱਗਾ, ਵੈਸ਼ਣੋਂ ਦੇ ਦਵਾਰੇ........ ।
ਅਪਲੋਡਰ- ਅਨਿਲਰਾਮੂਰਤੀਭੋਪਾਲ

https://bhajanganga.com/bhajan/lyrics/id/33363/title/Mela-Laga-Vaishno-De-Dware

अपने Android मोबाइल पर BhajanGanga App डाउनलोड करें और भजनों का आनंद ले |